# ਡਾਇਰੈਕਟਰ, ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ, ਪੰਜਾਬ।

(ਪੁੱਡਾ ਭਵਨ, ਪਹਿਲੀ ਮੰਜ਼ਿਲ, ਏ-ਬਲਾਕ, ਸੈਕਟਰ-62, ਐਸ.ਏ.ਐਸ. ਨਗਰ)

ਵੱਲ

M/s Janta Land Promoters Pvt. Ltd.
S.C.O. No. 39-42, Sector-82,
S.A.S Nagar.

ਯਾਦ ਪੱਤਰ ਨੰ: ਮਿਤੀ:

ਵਿਸ਼ਾ:- Regarding Surrender of approvals of CLU and Layout Plan, Revised Layout Plan of Industrial Park Project, Sector-66-A, Mohali (under Industrial Park Policy dated 19.06.2019) granted to M/s Janta Land Promoters Pvt.Ltd.

ਹਵਾਲਾ:- ਆਪ ਦੀ ਪ੍ਰਤੀਬੇਨਤੀ ਮਿਤੀ 28-02-2025 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਸਬੰਧੀ ਆਪ ਵੱਲੋਂ ਪ੍ਰਾਪਤ ਪ੍ਰਤੀਬੇਨਤੀ ਮਿਤੀ 28.02.2025 ਰਾਹੀਂ ਆਪ ਵੱਲੋਂ ਸੈਕਟਰ-66-ਏ, ਐਸ.ਏ.ਐਸ ਨਗਰ ਵਿਖੇ ਪਹਿਲਾਂ ਤੋਂ ਪ੍ਰਵਾਨਿਤ ਇੰਡਸਟਰੀਅਲ ਪਾਰਕ ਦੇ ਸੀ.ਐਲ.ਯੂ. ਅਤੇ ਲੇ-ਆਊਟ ਪਲੈਨ ਨੂੰ ਸਰੰਡਰ ਕਰਨ ਸਬੰਧੀ ਲਿਖਿਆ ਗਿਆ ਸੀ। ਸਰਕਾਰ ਵੱਲੋਂ ਨੋਟੀਫਿਕੇਸ਼ਨ ਨੰ: 18/20/24-6hg2/351 ਮਿਤੀ 10.03.2025 ਰਾਹੀਂ ਪਾਪਰਾ ਐਕਟ 1995 ਤਹਿਤ ਪ੍ਰਵਾਨਿਤ ਕਲੋਨੀਆਂ ਦੇ ਲਾਇਸੰਸ ਸਰੰਡਰ ਕਰਨ ਅਤੇ ਵੱਖ-ਵੱਖ ਪਾਲਿਸੀਆਂ ਅਧੀਨ ਪ੍ਰਵਾਨਿਤ ਇੰਡਸਟਰੀਅਲ ਪਾਰਕ ਪ੍ਰੋਜੈਕਟਾਂ ਨੂੰ ਸਰੰਡਰ ਕਰਨ ਸਬੰਧੀ ਪਾਲਿਸੀ ਦੇ ਸਨਮੁੱਖ ਰੋਜ਼ਾਨਾ ਰਾਸ਼ਟਰੀ ਅਖਬਾਰਾਂ ਵਿੱਚ ਆਮ ਜਨਤਾ ਦੀ ਜਾਣਕਾਰੀ/ਇਤਰਾਜਾਂ ਸਬੰਧੀ ਪਬਲਿਕ ਨੋਟਿਸ ਪ੍ਰਕਾਸ਼ਿਤ ਕਰਵਾਇਆ ਗਿਆ ਸੀ, ਜਿਸ ਸਬੰਧੀ ਪਾਲਿਸੀ ਵਿੱਚ ਨਿਰਧਾਰਿਤ 30 ਦਿਨਾਂ ਦੇ ਅੰਦਰ-ਅੰਦਰ ਕੋਈ ਵੀ ਇਤਰਾਜ ਪ੍ਰਾਪਤ ਨਹੀਂ ਹੋਇਆ ਹੈ। ਨੋਟੀਫਿਕੇਸ਼ਨ ਮਿਤੀ 10-03-2025 ਦੇ ਸਨਮੁੱਖ ਆਪ ਵੱਲੋਂ ਪੇਸ਼ ਕੀਤੇ ਗਏ ਐਫੀਡੇਵਿਟ ਮਿਤੀ 17-03-2025 ਜੋ ਕਿ ਐਕਜ਼ੀਕਿਊਟਿਵ ਮੈਜਿਸਟ੍ਰੇਟ, ਐੱਸ.ਏ.ਐੱਸ. ਨਗਰ ਵੱਲੋਂ ਤਸਦੀਕਸ਼ੁਦਾ ਹੈ ਅਤੇ ਆਪ ਵੱਲੋਂ ਵਿਸ਼ੇ ਅਧੀਨ ਸਾਈਟ ਸਬੰਧੀ ਸਰਕਾਰ ਵੱਲੋਂ ਜਾਰੀ ਇੰਡਸਟ੍ਰੀਅਲ ਪਾਰਕ ਪਾਲਿਸੀ ਮਿਤੀ 19.06.2019 ਤਹਿਤ ਜਾਰੀ ਸੀ.ਐੱਲ.ਯੂ, ਪ੍ਰਵਾਨਿਤ ਲੇ-ਆਊਟ ਪਲੈਨ ਅਤੇ ਰੀਵਾਈਜ਼ਡ ਲੇ-ਆਊਟ ਪਲੈਨ ਮੂਲ ਰੂਪ ਵਿੱਚ ਪੇਸ਼ ਕੀਤੇ ਗਏ ਹਨ। ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1. ਮੁੱਖ ਨਗਰ ਯੋਜਨਾਕਾਰ, ਪੰਜਾਬ ਜੀ ਦੇ ਪੱਤਰ ਨੰ. 3462-CTP(Pb)/SP-432(m) ਮਿਤੀ 09.06.2021 ਰਾਹੀਂ 54.77 ਏਕੜ ਪਿੰਡ ਚਾਚੂ ਮਾਜਰਾ, ਰੁੜਕਾ, ਕੰਬਾਲਾ ਅਤੇ ਪਾਪੜੀ ਤਹਿਸੀਲ ਅਤੇ ਜਿਲ੍ਹਾ ਐੱਸ.ਏ.ਐੱਸ ਨਗਰ ਵਿਖੇ ਇੰਡਸਟਰੀਅਲ ਪਾਰਕ ਪ੍ਰੋਜੈਕਟ ਲਈ ਜਾਰੀ ਭੋਂ ਮੰਤਵ ਤਬਦੀਲੀ ਦੀ ਪ੍ਰਵਾਨਗੀ।
2. ਮੁੱਖ ਨਗਰ ਯੋਜਨਾਕਾਰ, ਪੰਜਾਬ ਜੀ ਦੇ ਪੱਤਰ ਨੰ. 52-CTP(Pb)/SP-432(m) ਮਿਤੀ 04.01.2022 ਰਾਹੀਂ ਪਹਿਲਾਂ ਤੋਂ ਪ੍ਰਵਾਨਿਤ ਭੋਂ ਮੰਤਵ ਤਬਦੀਲੀ ਵਿੱਚ ਵਾਧੇ ਤੇ ਰਕਬੇ 16.04 ਏਕੜ ਪਿੰਡ ਚਾਚੂ ਮਾਜਰਾ ਅਤੇ ਰੁੜਕਾ ਤਹਿਸੀਲ ਅਤੇ ਜਿਲ੍ਹਾ ਐੱਸ.ਏ.ਐੱਸ ਨਗਰ ਵਿਖੇ ਇੰਡਸਟਰੀਅਲ ਪਾਰਕ ਪ੍ਰੋਜੈਕਟ ਲਈ ਜਾਰੀ ਭੋਂ ਮੰਤਵ ਤਬਦੀਲੀ ਦੀ ਪ੍ਰਵਾਨਗੀ।
3. ਮੁੱਖ ਨਗਰ ਯੋਜਨਾਕਾਰ, ਪੰਜਾਬ ਜੀ ਦੇ ਪੱਤਰ ਨੰ. 3387-CTP(Pb)/SP-432(m) ਮਿਤੀ 29.07.2022 ਰਾਹੀਂ ਪਹਿਲਾਂ ਤੋਂ ਪ੍ਰਵਾਨਿਤ ਭੋਂ ਮੰਤਵ ਤਬਦੀਲੀ ਵਿੱਚ ਵਾਧੇ ਸਬੰਧੀ ਰਕਬੇ 2.4975 ਏਕੜ ਪਿੰਡ ਕੰਬਾਲਾ ਤਹਿਸੀਲ ਅਤੇ ਜਿਲ੍ਹਾ ਐੱਸ.ਏ.ਐੱਸ ਨਗਰ ਵਿਖੇ ਇੰਡਸਟਰੀਅਲ ਪਾਰਕ ਪ੍ਰੋਜੈਕਟ ਲਈ ਜਾਰੀ ਭੋਂ ਮੰਤਵ ਤਬਦੀਲੀ ਦੀ ਪ੍ਰਵਾਨਗੀ।
4. ਮੁੱਖ ਨਗਰ ਯੋਜਨਾਕਾਰ, ਪੰਜਾਬ ਜੀ ਦੇ ਪੱਤਰ ਨੰ. 369-CTP(Pb)/SP-432(m) ਮਿਤੀ 25.01.2023 ਰਾਹੀਂ ਪਹਿਲਾਂ ਤੋਂ ਪ੍ਰਵਾਨਿਤ ਭੋਂ ਮੰਤਵ ਤਬਦੀਲੀ ਵਿੱਚ ਵਾਧੇ ਤੇ ਰਕਬੇ 8.42 acres ਪਿੰਡ ਕੰਬਾਲਾ

Scanned with OKEN Scanner

ਤਹਿਸੀਲ ਅਤੇ ਜਿਲ੍ਹਾ ਐੱਸ.ਏ.ਐੱਸ ਨਗਰ ਵਿਖੇ ਇੰਡਸਟਰੀਅਲ ਪਾਰਕ ਪ੍ਰੋਜੈਕਟ ਲਈ ਜਾਰੀ ਭੌਂ ਮੰਤਵ ਤਬਦੀਲੀ ਦੀ ਪ੍ਰਵਾਨਗੀ।

5. ਪ੍ਰੋਜੈਕਟ ਦਾ ਲੇ-ਆਊਟ ਪਲੈਨ ਡਰਾਇੰਗ ਨੰ: DC/JLPL/LP/IPP-01 ਮਿਤੀ 05.01.2022, ਜੋ ਕਿ ਮੁੱਖ ਨਗਰ ਯੋਜਨਾਕਾਰ, ਪੰਜਾਬ ਜੀ ਦੇ ਪੱਤਰ ਨੰ: 1676-CTP(Pb)/MPR-5 ਮਿਤੀ 13.04.2022 ਪ੍ਰਵਾਨ ਕੀਤਾ ਗਿਆ ਸੀ।

6. ਰਿਵਾਈਜ਼ਡ ਲੇ-ਆਊਟ ਪਲੈਨ ਡਰਾਇੰਗ ਨੰ: DC/JLPL/LP/IPP-02 ਮਿਤੀ 10.05.2022, ਮੁੱਖ ਨਗਰ ਯੋਜਨਾਕਾਰ, ਪੰਜਾਬ ਜੀ ਦੇ ਪੱਤਰ ਨੰ: 2613 CTP(Pb)/MPR-5 ਮਿਤੀ 06.06.2022 ਪ੍ਰਵਾਨ ਕੀਤਾ ਗਿਆ ਸੀ।

ਸਰਕਾਰ ਵੱਲੋਂ ਨੋਟੀਫਿਕੇਸ਼ਨ ਨੰ: 18/20/24-6hg2/351 ਮਿਤੀ 10.03.2025 ਅਤੇ ਨੋਟੀਫਿਕੇਸ਼ਨ ਨੰ. 18/20/24-6hg2/577 ਮਿਤੀ 04-06-2025 ਦੇ ਸਨਮੁੱਖ ਆਪ ਦਾ ਸੈਕਟਰ-66 ਏ ਵਿਖੇ ਪਹਿਲਾਂ ਤੋਂ ਪ੍ਰਵਾਨਿਤ ਇੰਡਸਟਰੀਅਲ ਪਾਰਕ ਪ੍ਰੋਜੈਕਟ ਦੇ ਉਪਰੋਕਤ ਦਰਜ ਸੀ.ਐੱਲ.ਯੂ ਪੱਤਰ ਨੰ. 3462-CTP(Pb)/SP-432(m) ਮਿਤੀ 09.06.2021(54.77 acres), 52-CTP(Pb)/SP-432(m) ਮਿਤੀ 04.01.2022(16.04 acres), 3387-CTP(Pb)/SP-432(m) ਮਿਤੀ 29.07.2022(2.4975 acres )ਅਤੇ 369-CTP(Pb)/SP-432(m) ਮਿਤੀ 25.01.2023 (8.42 acres) ਅਤੇ ਲੇ-ਆਊਟ ਪਲੈਨ ਡਰਾਇੰਗ ਨੰ: DC/JLPL/LP/IPP-01 ਮਿਤੀ 05.01.2022, ਜੋ ਕਿ ਮੁੱਖ ਨਗਰ ਯੋਜਨਾਕਾਰ, ਪੰਜਾਬ ਜੀ ਦੇ ਪੱਤਰ ਨੰ: 1676-CTP(Pb)/MPR-5 ਮਿਤੀ 13.04.2022 ਅਤੇ ਰੀਵਾਈਜ਼ਡ ਲੇ-ਆਊਟ ਪਲੈਨ ਡਰਾਇੰਗ ਨੰ: DC/JLPL/LP/IPP-02 ਮਿਤੀ 10.05.2022 ਜੋ ਕਿ ਮੁੱਖ ਨਗਰ ਯੋਜਨਾਕਾਰ, ਪੰਜਾਬ ਜੀ ਦੇ ਪੱਤਰ ਨੰ: 2613 CTP(Pb)/MPR-5 ਮਿਤੀ 06.06.2022 ਰਾਹੀਂ ਪ੍ਰਵਾਨਤ ਹੈ, ਨੂੰ ਹੇਠ ਲਿਖੀਆਂ ਸ਼ਰਤਾਂ ਤੇ ਰੱਦ ਕੀਤਾ ਜਾਂਦਾ ਹੈ:-

1. ਆਪ ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 18/20/24-6hg2/351 ਮਿਤੀ 10.03.2025 ਅਤੇ ਨੋਟੀਫਿਕੇਸ਼ਨ ਨੰ. 18/20/24-6hg2/577 ਮਿਤੀ 04-06-2025 ਰਾਹੀਂ ਜਾਰੀ ਸਰੰਡਰ ਆਫ ਲਾਈਸੰਸ ਸਬੰਧੀ ਜਾਰੀ ਪਾਲਿਸੀ ਦੇ ਉਪਬੰਧਾਂ ਨੂੰ ਮੰਨਣ ਦੇ ਪਾਬੰਦ ਹੋਵੋਗੇ।
2. ਆਪ ਸਰੰਡਰ ਕੀਤੇ ਗਏ ਇਸ ਇੰਡਸਟਰੀਅਲ ਪਾਰਕ ਪ੍ਰੋਜੈਕਟ ਦੇ ਰਕਬੇ ਨੂੰ ਸਬ ਡਿਵਾਈਡ ਕਰਕੇ ਪਲਾਟਾਂ ਨੂੰ ਵੇਚ/ਲੀਜ਼/ਰੈਂਟ ਆਦਿ ਨਹੀਂ ਕਰ ਸਕੋਗੇ। ਜੇਕਰ ਆਪ ਇਸ ਰਕਬੇ ਤੇ ਕੋਈ ਪ੍ਰੋਜੈਕਟ ਪ੍ਰਵਾਨ ਕਰਵਾਉਣਾ ਚਾਹੁੰਦੇ ਹੋ ਤਾਂ ਆਪ ਸਮਰੱਥ ਅਧਿਕਾਰੀ ਪਾਸੋਂ ਨਵੇਂ ਸਿਰੇ ਤੋਂ ਪ੍ਰਵਾਨਗੀ/ਲਾਈਸੰਸ ਪ੍ਰਾਪਤ ਕਰਨ ਦੇ ਪਾਬੰਦ ਹੋਵੋਗੇ।
3. ਪ੍ਰਮੋਟਰ ਵੱਲੋਂ ਜੇਕਰ ਇਸ ਜ਼ਮੀਨ ਤੇ ਕੋਈ ਲੋਨ ਲਿਆ ਗਿਆ ਹੋਵੇ ਤਾਂ ਇਸ ਤੇ ਕੋਈ ਵੀ ਲੀਗਲ ਕਲੇਮ / ਲਾਇਬਿਲਟੀ ਲਈ ਪ੍ਰਮੋਟਰ ਖੁਦ ਜ਼ਿੰਮੇਵਾਰ ਹੋਵੇਗਾ।
4. ਪ੍ਰਮੋਟਰ ਨੂੰ ਜੇਕਰ RERA ਵੱਲੋਂ ਪੰਜਾਬ ਅੰਡਰ ਰੀਅਲ ਅਸਟੇਟ (ਰੇਗੂਲੇਸ਼ਨ ਐਂਡ ਡਿਵੈਲਪਮੈਂਟ) ਐਕਟ-2016 ਅਤੇ ਉਸ ਅਧੀਨ ਬਣੇ ਰੂਲਾਂ ਤਹਿਤ ਕੋਈ ਵੀ ਲਾਇਬਿਲਟੀ / ਬਾਇੰਡਿੰਗ / ਪਨੈਲਿਟੀ ਲਗਾਈ ਗਈ ਹੋਵੇ ਤਾਂ ਉਸ ਦੀ ਨਿਰੋਲ ਜ਼ਿੰਮੇਵਾਰੀ ਪ੍ਰਮੋਟਰ ਦੀ ਹੋਵੇਗੀ।
5. ਆਪ ਪੀ.ਆਰ.ਟੀ.ਪੀ.ਡੀ ਐਕਟ, ਪਾਪਰਾ ਐਕਟ 1995 ਦੀਆਂ ਧਾਰਾਵਾਂ, ਮਾਸਟਰ ਪਲੈਨ, ਐਸ.ਏ.ਐਸ ਨਗਰ ਦੀਆਂ ਮੁਕੰਮਲ ਤਜਵੀਜ਼ਾਂ ਨੂੰ ਮੰਨਣ ਦੇ ਪਾਬੰਦ ਹੋਵੋਗੇ।
6. ਆਪ ਵੱਲੋਂ ਵਿਭਾਗੀ ਨੋਟੀਫਿਕੇਸ਼ਨ ਮਿਤੀ 10-03-2025 ਵਿੱਚ ਦਰਜ ਉਪਬੰਧਾਂ ਅਨੁਸਾਰ ਪੇਸ਼ ਕੀਤੀ ਗਈ ਸਵੈ-ਘੋਸ਼ਣਾ ਮਿਤੀ 17-03-2025 ਅਤੇ 11-07-2025 ਨੂੰ ਮੰਨਣ ਦੇ ਪਾਬੰਦ ਹੋਵੋਗੇ।

Scanned with OKEN Scanner

7. ਜੇਕਰ ਭਵਿੱਖ ਵਿੱਚ ਆਪ ਵੱਲ ਸਰਕਾਰ ਵੱਲੋਂ ਲਾਗੂ ਚਾਰਜਿਜ਼ ਦਾ ਕੋਈ ਬਕਾਇਆ ਨਿਕਲਦਾ ਹੈ ਤਾਂ ਆਪ 30 ਦਿਨਾਂ ਦੇ ਅੰਦਰ-ਅੰਦਰ ਇਹਨਾਂ ਚਾਰਜਿਜ਼ ਨੂੰ ਅਦਾ ਕਰਨ ਦੇ ਪਾਬੰਦ ਹੋਵੋਗੇ।

8. ਜੇਕਰ ਭਵਿੱਖ ਵਿੱਚ ਸਰੰਡਰ ਕੀਤੇ ਜਾ ਰਹੇ ਇੰਡਸਟਰੀਅਲ ਪਾਰਕ ਦੇ ਰਕਬੇ ਸਬੰਧੀ ਕੋਈ ਲਿਟੀਗੇਸ਼ਨ/ਕੋਰਟ ਕੇਸ/ਮੋਰਟਗੇਜ਼/ਬੈਂਕ ਪਾਸੋਂ ਲੋਨ/ਕਿਸੇ ਵੀ ਮਾਨਯੋਗ ਕੋਰਟ ਵਿਖੇ ਅਟੈਚ ਹੋਈ ਪ੍ਰਾਪਰਟੀ/ਪਲਾਟ ਵੇਚੇ ਹੋਣ ਸਬੰਧੀ ਕੋਈ ਤੱਥ ਸਾਹਮਣੇ ਆਉਂਦਾ ਹੈ ਤਾਂ ਇਸ ਦੀ ਨਿਰੋਲ ਜ਼ਿੰਮੇਵਾਰੀ ਆਪ ਦੀ ਹੋਵੇਗੀ।

9. ਆਪ ਵੱਲੋਂ ਸੀ.ਐੱਲ.ਯੂ ਤੇ ਲੇ-ਆਊਟ ਪਲੈਨ ਦੀ ਪ੍ਰਵਾਨਗੀ ਸਮੇਂ ਜਮਾਂ ਕਰਵਾਏ ਗਏ ਸਰਕਾਰ ਵੱਲੋਂ ਲਾਗੂ ਚਾਰਜਿਜ਼ ਪਾਲਿਸੀ ਦੇ ਉਪਬੰਧਾਂ ਅਨੁਸਾਰ ਰੀਫੰਡ ਨਹੀਂ ਹੋਣਗੇ ਅਤੇ ਆਪ ਭਵਿੱਖ ਵਿੱਚ ਇਸ ਦਾ ਕੋਈ ਕਲੇਮ ਨਹੀਂ ਕਰੋਗੇ।

ਡਾਇਰੈਕਟਰ,
ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ,
ਪੰਜਾਬ।

ਪਿੱਠ ਅੰਕਣ ਨੰ. 2827-40 ਐੱਸਟੀਪੀ(ਐੱਸ)/SS-1(GR) ਮਿਤੀ: 09/09/25

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਚੇਅਰਮੈਨ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਪਟਿਆਲਾ।
2. ਐਮ.ਡੀ. ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ, ਪਟਿਆਲਾ।
3. ਸੀ.ਈ.ਓ ਇਨਵੈਸਟ ਪੰਜਾਬ, ਸੈਕਟਰ-17, ਚੰਡੀਗੜ੍ਹ।
4. ਮੁੱਖ ਪ੍ਰਸ਼ਾਸ਼ਕ, ਪੁੱਡਾ, ਐੱਸ.ਏ.ਐੱਸ ਨਗਰ।
5. ਮੁੱਖ ਪ੍ਰਸ਼ਾਸ਼ਕ, ਗਮਾਡਾ, ਐੱਸ.ਏ.ਐੱਸ ਨਗਰ।
6. ਮੁੱਖ ਵਣਪਾਲ, ਵਣ-ਵਿਭਾਗ, ਪੰਜਾਬ, ਚੰਡੀਗੜ੍ਹ।
7. ਸਕੱਤਰ ਰੀਅਲ ਅਸਟੇਟ ਰੈਗੂਲੇਟਰੀ ਅਥਾਰਿਟੀ, ਪੰਜਾਬ, ਚੰਡੀਗੜ੍ਹ।
8. ਮੁੱਖ ਨਗਰ ਯੋਜਨਾਕਾਰ, ਪੰਜਾਬ।
9. ਸੀਨੀਅਰ ਨਗਰ ਯੋਜਨਾਕਾਰ, ਪੀ ਬੀ ਆਈ ਪੀ, ਚੰਡੀਗੜ੍ਹ।
10. ਡਾਇਰੈਕਟਰ ਆਫ ਫੈਕਟਰੀਜ਼, ਪੰਜਾਬ।
11. ਮਿਲਖ ਅਫਸਰ (ਪ), ਗਮਾਡਾ, ਐੱਸ.ਏ.ਐੱਸ ਨਗਰ।
12. ਜਿਲ੍ਹਾ ਨਗਰ ਯੋਜਨਾਕਾਰ (ਪੀ), ਐੱਸ.ਏ.ਐੱਸ ਨਗਰ।
13. ਜਿਲ੍ਹਾ ਨਗਰ ਯੋਜਨਾਕਾਰ (ਆਰ), ਐੱਸ.ਏ.ਐੱਸ ਨਗਰ।
14. ਜਨਰਲ ਮੈਨੇਜਰ (ਆਈ ਟੀ ਐਂਡ ਸੀ), ਪੁੱਡਾ ਐੱਸ.ਏ.ਐੱਸ ਨਗਰ ਨੂੰ ਇਹ ਕਾਪੀ ਵੈੱਬਸਾਈਟ ਤੇ ਆਮ ਜਨਤਾ ਦੀ ਜਾਣਕਾਰੀ ਲਈ ਅਪਲੋਡ ਕਰਨ ਲਈ ਭੇਜੀ ਜਾਂਦੀ ਹੈ।

ਸੀਨੀਅਰ ਨਗਰ ਯੋਜਨਾਕਾਰ,
ਐੱਸ.ਏ.ਐੱਸ ਨਗਰ।

ਪਿੱਠ ਅੰਕਣ ਨੰ. ਐੱਸਟੀਪੀ(ਐੱਸ)/ ਮਿਤੀ:

ਇਸ ਦਾ ਇੱਕ ਉਤਾਰਾ ਪੀ.ਐਸ. ਟੂ. ਪੀ.ਐਸ.ਐਚ.ਯੂ.ਡੀ ਨੂੰ ਮਾਣਯੋਗ ਪ੍ਰਮੁੱਖ ਸਕੱਤਰ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸੀਨੀਅਰ ਨਗਰ ਯੋਜਨਾਕਾਰ,
ਐੱਸ.ਏ.ਐੱਸ ਨਗਰ।

P.A.-II 10/9/25

Scanned with OKEN Scanner